ਅਕਤੂਬਰ-ਨਵੰਬਰ-ਦਸੰਬਰ 2022

# ਅੱਖਰ



₹120/-

# ਸੰਪਾਦਕੀ ਮੰਡਲ

ਸਰਪ੍ਰਸਤ ਤੇ ਵਿਦੇਸ ਸੰਪਾਦਕ
ਡਾ. ਕਰਨੈਲ ਸਿੰਘ ਸ਼ੇਰਗਿੱਲ
0044 07803 142642
shergillkarnail@gmail.com

---

ਨਿਗਰਾਨ ਤੇ ਵਿਦੇਸ ਸੰਪਾਦਕ
ਪਰਮਿੰਦਰ ਸੋਢੀ
0081-905-96-8670
sodhiparminder@gmail.com

---

ਸਰਪ੍ਰਸਤ
ਡਾ. ਵਿਕਰਮਜੀਤ
98152-65620

---

ਮੁੱਖ ਸੰਪਾਦਕ
ਵਿਸ਼ਾਲ
99884-23237
vishalnewseditor@gmail.com

---

ਸੰਪਾਦਕੀ ਬੋਰਡ
ਪ੍ਰੋ. ਬਖ਼ਤਾਵਰ ਧਾਲੀਵਾਲ
ਡਾ. ਸੰਦੀਪ ਮਨਨ
ਤਰਲੋਚਨ
ਸ਼ੇਖਰ

---

ਵਿਦੇਸ ਸੰਪਾਦਕ
ਮੇਜਰ ਭੁਪਿੰਦਰ ਦਲੇਰ (ਯੂ.ਐੱਸ.ਏ)

---

ਵਿਸ਼ੇਸ਼ ਸਹਿਯੋਗ
ਕਰਨਲ ਕੰਵਲਜੀਤ ਸਿੰਘ
ਬਲਵਿੰਦਰ ਸੰਧਾ
ਕੰਵਲਜੀਤ ਫਰੀਡਮ
ਪ੍ਰੋ. ਬਲਦੇਵ ਸਿੰਘ ਬੋਲਾ (ਇਟਲੀ)

---

ਰਚਨਾਤਮਕ ਸਹਿਯੋਗ
ਮਲਵਿੰਦਰ, ਕੰਵਲਜੀਤ ਭੁੱਲਰ




ਬਾਨੀ ਸੰਪਾਦਕ
**ਪ੍ਰਮਿੰਦਰਜੀਤ**

**ਜ਼ਰੂਰੀ ਸੂਚਨਾ**

- 'ਅੱਖਰ' ਵਿਚ ਛਪੀ ਕਿਸੇ ਵੀ ਰਚਨਾ ਜਾਂ ਇਸ਼ਤਿਹਾਰ ਸਬੰਧੀ ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੈ। ਸੰਪਾਦਕੀ ਬੋਰਡ ਦਾ ਕਿਸੇ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ, ਪਾਠਕ ਖ਼ੁਦ ਹੀ ਵਾਚਣ।
- ਸਭ ਹੱਕ ਸੰਪਾਦਕ ਦੇ ਰਾਖਵੇਂ ਹਨ।
- ਕਾਨੂੰਨੀ ਕਾਰਵਾਈ ਅੰਮ੍ਰਿਤਸਰ ਵਿਖੇ ਹੀ ਹੋਵੇਗੀ

---


**ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਡਾਕ ਪਤਾ**
ਵਿਸ਼ਾਲ, ਪਿੰਡ ਤੇ ਡਾਕ ਘਰ ਬਿਆਸ, ਜ਼ਿਲ੍ਹਾ ਅੰਮ੍ਰਿਤਸਰ-143201
ਡਾ. ਵਿਕਰਮਜੀਤ, 201, ਬਸੰਤ ਐਵੀਨਿਊ, ਅੰਮ੍ਰਿਤਸਰ-143001
ਬਖਤੌਰ ਧਾਲੀਵਾਲ, 38, ਪਿੰਡ ਉਮਰਾਨੰਗਲ ਡਾਕ. ਬਾਬਾ ਬਕਾਲਾ ਜ਼ਿਲ੍ਹਾ ਅੰਮ੍ਰਿਤਸਰ-143202

---

**ਮਾਇਕ ਸਹਿਯੋਗ ਭੇਜਣ ਲਈ**
**Dr. Vikramjit Singh,Vishal Arora**
**ਅਕਾਊਂਟ ਨੰਬਰ** 50356933315 **IFS Code : IDIB000B704**
**INDIAN BANK BEAS BRANCH**

---

**ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ** : ਵਿਸ਼ਾਲ ਗ੍ਰਾਫਿਕਸ
**ਪ੍ਰਿੰਟਰਜ਼** : ਪ੍ਰਿੰਟਵੈੱਲ, ਅਮ੍ਰਿਤਸਰ, **ਪ੍ਰਕਾਸ਼ਕ** : ਵਿਸ਼ਾਲ, ਬਿਆਸ, ਅੰਮ੍ਰਿਤਸਰ

---

**ਮੁੱਲ : 140 ਰੁਪਏ**
**ਦੋ ਸਾਲਾਂ ਦਾ ਚੰਦਾ:1000 ਰੁਪਏ**
**ਯੂ.ਕੇ. ਲਈ ਚੰਦਾ: 50 ਪੌਂਡ**
**ਅਮਰੀਕਾ ਤੇ ਕੈਨੇਡਾ:100 ਡਾਲਰ**

# ਅੱਖਰ

ਅਕਤੂਬਰ-ਨਵੰਬਰ-ਦਸੰਬਰ 2022

## ਅੰਦਰ ਪੜ੍ਹੋ


* ਸੰਪਾਦਕੀ/ਵਿਸ਼ਾਲ 3
* ਕੌੜ ਤੁੰਮਾ ਉਰਫ਼ ਮਨਿੰਦਰ ਕਾਂਗ/ਜਿੰਦਰ 8
* ਸ਼ਬਦ ਚਿੱਤਰ – ਸੰਤ ਬੰਦਾ : ਮਨਿੰਦਰ ਕਾਂਗ/ਭਗਵੰਤ ਰਸੂਲਪੁਰੀ 16
* ਸਿਰੇ ਦਾ ਬਹੁਰੂਪੀਆ : ਡਾ. ਮਨਿੰਦਰ ਕਾਂਗ/ਡਾ. ਗੋਪਾਲ ਸਿੰਘ ਬੁੱਟਰ 22
* ਮੈਂ ਕਿਤੇ ਨਹੀਂ ਗਿਆ, ਏਥੇ ਹੀ ਹਾਂ/ਅਸ਼ੋਕ ਅਜਨਬੀ 24
* ਦੋ ਸ਼ਬਦ ਮੇਰੇ ਵੱਲੋਂ.../ਡਾ. ਨਰਿੰਦਰ ਕਾਂਗ 29
* ਕਹਾਣੀ–ਭਾਰ/ਮਨਿੰਦਰ ਕਾਂਗ 30
* ਹਾਸ਼ੀਅਤਾ ਦੀ ਪੜਚੋਲ ਦਾ ਪ੍ਰਵਚਨ "ਕੁੱਤੀ ਵਿਹੜਾ"/ਡਾ. ਮਨਮੋਹਨ 48
* ਇਕ ਕੱਦਾਵਰ ਦਾਨਿਸ਼ਵਰ : ਡਾਕਟਰ ਮਨਿੰਦਰ ਕਾਂਗ/ਡਾ. ਅਸ਼ੋਕ ਕੁਮਾਰ ਖੁਰਾਣਾ 53
* ਮਨਿੰਦਰ ਕਾਂਗ ਨੂੰ ਯਾਦ ਕਰਦਿਆਂ/ਤ੍ਰਿਪਤਾ ਕੇ ਸਿੰਘ 57
* ਹਿੰਦੀ ਕਵਿਤਾ : ਵੇਸ਼ਵਾ ਅਤੇ ਆਦਮੀ/ਦੀਪਕ ਸ਼ਰਮਾ/ਅਨੁਵਾਦ ਨਿਰਮਲ ਪ੍ਰੇਮੀ 58
* ਚੜ੍ਹਦਿਆਂ ਹੀ ਟੁੱਟ ਗਿਆ ਤਾਰਾ ਮਨਿੰਦਰ ਕਾਂਗ/ਅਰਤਿੰਦਰ ਸੰਧੂ 59
* 'ਭਾਰ' ਕਹਾਣੀ ਦੀ ਪੀੜ 'ਚ ਭੁੱਜਿਆ ਡਾ. ਮਨਿੰਦਰ ਕਾਂਗ/ਜੋਤੀ ਬਾਵਾ 60
* ਮਨਿੰਦਰ ਕਾਂਗ : ਇਕ ਮੁਲਾਕਾਤ/ਡਾ. ਐਸ. ਪੀ. ਅਰੋੜਾ 62
* ਦੇਸ਼ ਪੰਜਾਬ ਦੀ ਲਹੂ ਭਿੱਜੀ ਦਾਸਤਾਨ "ਕੁੱਤੀ ਵਿਹੜਾ"/ਅੰਗਰੇਜ ਕਲੇਰ ਰਾਜਪੁਰਾ 64
* ਹਿੰਦੀ ਕਵਿੱਤਰੀ ਸਰਿਤਾ ਸੈਲ ਦੀਆਂ ਕਵਿਤਾਵਾਂ/ਅਨੁਵਾਦ ਅਮਰਜੀਤ ਕੌਂਕੇ 67
* ਗ਼ਜ਼ਲਾਂ/ਬਰਜਿੰਦਰ ਚੌਹਾਨ 70
* ਰੁਬਾਈਆਂ/ਡਾ. ਧੁੱਗਾ ਗੁਰਪ੍ਰੀਤ 71
* ਤਿਰਛੀਆਂ ਕਿਰਨਾਂ/ਐਮਲੀ ਡਿਕਿਨਸਨ/ਅਨੁਵਾਦ ਡਾ. ਮਹਿੰਦਰ ਗਿੱਲ 72
* ਤੁਰ੍ਹਲੇ ਵਾਲੀ ਪੱਗ/ਪ੍ਰੇਮ ਮਾਨ 73
* ਸ਼ਬਦ–ਚਿੱਤਰ : ਪ੍ਰਤੀਬੱਧਤਾ ਦੀ ਪੈੜ/ਬਲਬੀਰ ਪਰਵਾਨਾ 81
* ਸੰਗੀਤ ਦਾ ਬਾਦਸ਼ਾਹ–ਬਾਵਾ ਗਨਪਤੀ/ਅਜੀਤ ਪਿਆਸਾ 91
* ਮਸਤ–ਮੌਲਾ–ਫ਼ਨਕਾਰ–ਅਫ਼ਜ਼ਲ ਸਾਹਿਰ/ਹਰਕੀਰਤ ਕੌਰ ਚਹਿਲ, ਕੈਨੇਡਾ 95
* ਡੰਡੇ 'ਤੇ ਟੰਗਿਆ ਬੰਦਾ/ਕੁਲਦੀਪ ਸਿੰਘ ਬੇਦੀ 98
* ਕਵਿਤਾ ਕਹਿ ਰਹੀ ਹੈ/ਮਾ. ਧਰਮ ਸਿੰਘ ਧਿਆਨਪੁਰੀ 99
* ਦੋਸਤਾਂ ਦੀ ਦੁਨੀਆਂ : ਫ਼ੋਟੋਗ੍ਰਾਫ਼ੀ ਪ੍ਰਤਿਯੋਗਿਤਾ : ਇਕ ਅਨੁਭਵ/ਗੁਰਮਾਨ ਸੈਣੀ 100
* ਮਾਰੂਥਲਾਂ ਵਿਚ ਉੱਗੀ ਗੁਲਾਬੀ ਬਗੀਚੀ ਦੀ ਕਥਾ/ਡਾ. ਕੁਲਦੀਪ ਸਿੰਘ ਦੀਪ 103
* ਪਰਛਾਈਆਂ/ਹਰਬੰਸ ਸਿੰਘ ਤਸੱਵੁਰ 113
* ਸ਼ਿਕਾਰੀ/ਐਤੰਨ ਚੈਖ਼ਵ/ਅਨੁਵਾਦ ਗੁਰਦੇਵ ਚੌਹਾਨ 119
* 'ਲਾਕਡਾਊਨ ਅਲਫ਼ਾ' : ਇਕ ਪਾਸੜ ਮਨੁੱਖੀ ਰਿਸ਼ਤਿਆਂ ਦਾ.../ਦੇਵਿੰਦਰ ਕੌਰ ਯੂ. ਕੇ. 123
* ਕਵਿਤਾਵਾਂ/ਜੋਗਿੰਦਰ ਨੂਰਮੀਤ 129
* ਪੁਸਤਕ–ਪੜਚੋਲ 130
* ਬੁੱਕ ਸੈਲਫ 'ਚੋਂ 134
* ਖ਼ਤ 'ਅੱਖਰ' ਲਈ/ਦਵਿੰਦਰ ਮਹਿੰਦਰੂ 139

**ਸੰਪਾਦਕੀ ਨੋਟ**



# ਵਾਹਗੇ ਸਰਹੱਦ 'ਤੇ ਸੁਲਘਦੀਆਂ ਮੋਮਬੱਤੀਆਂ

**ਵਿਸ਼ਾਲ**

ਸਾਡੇ ਕੁਝ ਦੋਸਤ 14 ਅਗਸਤ ਦੀ ਰਾਤ ਨੂੰ ਵਾਹਗੇ ਦੀ ਸਰਹੱਦ 'ਤੇ ਮੋਮਬੱਤੀਆਂ ਬਾਲ ਕੇ ਸ਼ਾਂਤੀ ਦੇ ਸੰਦੇਸ਼ ਭੇਜਦੇ ਹਨ ਤੇ ਇਸ ਘੱਲੂਘਾਰੇ 'ਚ 10 ਲੱਖ ਤੋਂ ਵੱਧ ਮਾਰੇ ਗਏ ਬੇਕਸੂਰ ਲੋਕਾਂ ਦੀ ਰੂਹ ਦੀ ਸ਼ਾਂਤੀ ਲਈ ਅਰਦਾਸ ਕਰਦੇ ਹਨ। ਸੈਮੀਨਾਰ ਕਰਕੇ ਬੁੱਧੀਜੀਵੀ ਮਿਲ ਜੁਲ ਕੇ ਰਹਿਣ ਅਤੇ ਨਫ਼ਰਤ ਖ਼ਤਮ ਕਰਕੇ ਜੱਫੀਆਂ ਪਾਉਣ ਦਾ ਹੋਕਾ ਵੀ ਦਿੰਦੇ ਹਨ। ਇਹ ਕਾਰਜ ਵਿਸ਼ਵ ਸ਼ਾਂਤੀ ਲਈ ਵੀ ਇਸ਼ਾਰਾ ਕਰਦਾ ਹੈ। ਪਰ ਰਾਜਨੀਤੀ ਦੀ ਕਾਲੀ ਹਨੇਰੀ 'ਚ ਇਹ ਮੋਮਬੱਤੀਆਂ ਤਿਲਮਿਲਾ ਕੇ ਬੁੱਝ ਜਾਂਦੀਆਂ ਹਨ। ਦੋਵਾਂ ਮੁਲਕਾਂ ਦੇ ਨੇਤਾ ਕੁਰਸੀਆਂ 'ਤੇ ਬੈਠ ਕੇ ਐਸੀ ਬਾਜ਼ੀ ਖੇਡ ਰਹੇ ਹਨ ਕਿ ਜਿਸ ਦਾ ਭੁਗਤਾਨ ਭੋਲੇ ਭਾਲੇ ਲੋਕਾਂ ਨੂੰ ਆਪਣੀ ਕੀਮਤੀ ਜਾਨਾਂ ਦੇ ਕੇ ਕਰਨਾ ਪੈਂਦਾ ਹੈ। ਜਿਸ ਬਾਰੇ ਅਸੀਂ ਆਏ ਦਿਨ ਚੈਨਲਾਂ 'ਚ ਵੇਖਦੇ ਸੁਣਦੇ ਹਾਂ ਤੇ ਅਖ਼ਬਾਰਾਂ ਦੀਆਂ ਸੁਰਖੀਆਂ 'ਚ ਪੜ੍ਹਦੇ ਹਾਂ। ਹਿੰਦ-ਪਾਕਿ ਦਾ ਕ੍ਰਿਕਟ ਮੈਚ ਹੋਣਾ ਹੋਵੇ, ਦੁਨੀਆਂ ਭਰ 'ਚ ਇਸ ਨੂੰ 'ਜੰਗ' ਦੇ ਤੌਰ 'ਤੇ ਲਿਆ ਜਾਂਦਾ ਹੈ।

ਸੱਤ ਦਹਾਕੇ ਤੋਂ ਵੱਧ ਸਮਾਂ ਬੀਤ ਗਿਆ ਹੈ ਪਰ ਦੋਵਾਂ ਮੁਲਕਾਂ ਵਿਚ ਅਸ਼ਾਂਤੀ ਨੇ ਹੀ ਪੈਰ ਪਸਾਰੇ ਹਨ। ਦੋਵਾਂ ਮੁਲਕਾਂ ਦੇ ਲੇਖਕ, ਕਲਾਕਾਰ, ਬੁੱਧੀਜੀਵੀ ਕਾਨਫਰੰਸਾਂ ਕਰਕੇ ਬਹੁਤ ਮੋਹ ਜਿਤਾਉਂਦੇ ਹਨ ਪਰ ਇਹ ਸੈਂਕੜਿਆਂ ਦੀ ਗਿਣਤੀ ਵਿਚ ਕਲਮਾਂ ਵਾਲੇ ਆਪਣੀ ਗੱਲ ਕਰੋੜਾਂ ਲੋਕਾਂ ਨੂੰ ਸਮਝਾਉਣ ਵਿਚ ਅਸਮਰੱਥ ਤੇ ਬੇਬੱਸ ਵਿਖਾਈ ਦਿੰਦੇ ਹਨ ਪਰ ਫਿਰ ਵੀ ਇਸ ਯਤਨ ਦੀ ਸੰਲਾਘਾ ਕਰਨੀ ਬਣਦੀ ਹੈ ਤੇ ਅਜਿਹੀਆਂ ਕੋਸ਼ਿਸ਼ਾਂ ਜ਼ਾਰੀ ਰਹਿਣੀਆਂ ਚਾਹੀਦੀਆਂ ਹਨ। ਕੀ ਪਤਾ "ਬਰਲਿਨ" ਵਰਗੀ ਦੀਵਾਰ ਕਿਸੇ ਦਿਨ ਡਿੱਗ ਹੀ ਪਵੇ !!!

ਸਰਹੱਦਾਂ 'ਤੇ ਜਗਦੀਆਂ ਮੋਮਬੱਤੀਆਂ ਦਾ ਹਾਲ ਕੀ ਹੁੰਦਾ ਹੋਵੇਗਾ ਜਦੋਂ ਉਹ ਇਹ ਵੇਖ ਰਹੀਆਂ ਹੋਣ ਕਿ ਪਾਕਿਸਤਾਨ ਦੇ ਜ਼ਿਲ੍ਹਾ ਰਾਵਲਪਿੰਡੀ ਦੇ ਅਡਿਆਲਾ ਸ਼ਹਿਰ ਦੇ ਇਕ ਪ੍ਰਾਇਮਰੀ ਸਕੂਲ 'ਚ ਇਕ ਬੱਚੇ ਵਲੋਂ ਪੰਜਾਬੀ ਬੋਲਣ 'ਤੇ ਅਧਿਆਪਕ ਵੱਲੋਂ ਕੁੱਟਿਆ ਮਾਰਿਆ ਜਾਂਦਾ ਹੈ ਤੇ ਫਿਰ ਕੈਂਚੀ ਮਾਰ ਕੇ ਜ਼ਖ਼ਮੀ ਕਰ ਦਿੱਤਾ ਜਾਂਦਾ ਹੈ। ਅਧਿਆਪਕ ਬੱਚੇ ਦੇ ਮਾਂ-ਬਾਪ ਨੂੰ ਕਹਿੰਦਾ ਹੈ ਕਿ ਪੰਜਾਬੀ ਬੋਲਣ ਵਾਲੇ ਜਾਹਲ ਹੁੰਦੇ ਹਨ। ਪੁਲਿਸ ਕੋਲ ਸ਼ਿਕਾਇਤ ਕਰਨ 'ਤੇ ਪੰਜਾਬੀ ਮਾਂ-ਬਾਪ ਨੂੰ ਧਮਕੀਆਂ ਦਿੱਤੀਆਂ ਗਈਆਂ। ਲਾਹੌਰ, ਰਾਵਲਪਿੰਡੀ ਤੇ ਹੋਰਨਾਂ ਸ਼ਹਿਰਾਂ 'ਚ ਪੰਜਾਬੀ ਲੇਖਕਾਂ 'ਤੇ ਬੁੱਧੀਜੀਵੀਆਂ ਦੀ ਬਹੁਗਿਣਤੀ ਹੈ ਕੀ ਉਹ ਇਸ ਅਨਿਆਂ ਦੇ ਵਿਰੁੱਧ ਜ਼ਹਾਦ ਨਹੀਂ ਛੇੜ ਸਕਦੇ ? ਕੀ ਭਾਰਤ ਦੇ ਬੁੱਧੀਜੀਵੀ ਤੇ ਲੇਖਕ ਸਿਰਫ਼ 14 ਅਗਸਤ ਦੀ ਰਾਤ ਨੂੰ ਮੋਮਬੱਤੀਆਂ ਬਾਲ ਕੇ ਆਪਣੇ ਫਰਜ਼ ਤੋਂ ਸੁਰਖਰੂ ਹੋ ਜਾਂਦੇ ਹਨ !

ਮੋਹ ਨਾਲ ਬਾਲੀਆਂ ਮੋਮਬੱਤੀਆਂ ਦਾ ਕੀ ਹਾਲ ਹੋਇਆ ਹੋਵੇਗਾ ਜਦੋਂ ਉਹਨਾਂ ਦੇ ਸਾਹਮਣੇ ਪਿਛਲੇ ਇਕ ਸਾਲ 'ਚ ਇਕੱਲੇ ਸੂਬਾ ਸਿੰਧ 'ਚ 697 ਹਿੰਦੂਆਂ ਨੂੰ ਕਤਲ ਕਰਨ ਦੇ ਪਰਚੇ ਦਰਜ਼ ਹੋਏ ਹਨ। ਜਦੋਂ ਕਿ ਅਸਲ ਗਿਣਤੀ ਇਸ ਤੋਂ ਕਿਤੇ ਵੱਧ ਹੈ। ਅਖ਼ਬਾਰੀ ਅੰਕੜਿਆਂ ਅਨੁਸਾਰ ਇਸ ਵੇਲੇ ਪਾਕਿਸਤਾਨ 'ਚ 50 ਲੱਖ ਹਿੰਦੂ ਰਹਿ ਰਹੇ ਹਨ। ਜਿਨ੍ਹਾਂ 'ਚੋਂ ਇਕੱਲੇ ਸਿੰਧ 'ਚ ਹਿੰਦੂਆਂ ਦੀ ਆਬਾਦੀ 40 ਲੱਖ ਤੋਂ ਵੀ ਵੱਧ ਹੈ। ਜਿੱਥੇ ਔਸਤਨ ਰੋਜ਼ਾਨਾ ਦੋ ਹਿੰਦੂਆਂ ਦਾ ਜ਼ਬਰੀ ਧਰਮ ਪਰਿਵਰਤਨ ਕਰਵਾਇਆ ਜਾ ਰਿਹਾ ਹੈ। ਅੰਕੜੇ ਦੱਸਦੇ ਹਨ ਕਿ ਸਿੰਧ ਸੂਬੇ 'ਚ ਹੀ ਰੋਜ਼ਾਨਾ ਕਰੀਬ ਚਾਰ ਹਿੰਦੂ ਔਰਤਾਂ ਨਾਲ ਬਲਾਤਕਾਰ ਹੋ ਰਹੇ ਹਨ। ਏਨਾਂ ਵਰਤਾਰਿਆਂ ਪਿੱਛੇ ਛਿਪੀ ਮਾਨਸਿਕਤਾ ਦੀ ਤਹਿ ਤੱਕ ਜਾਣ ਦੀ ਲੋੜ ਹੈ।

ਸਿਤਮਜਰੀਫ਼ੀ ਵੇਖੋ ਕਿ ਆਏ ਦਿਨ ਹਿੰਦੂਆਂ 'ਤੇ ਕਾਤਲਾਨਾ ਹਮਲੇ ਹੋ ਰਹੇ ਹਨ। ਇਹ ਮਾਮਲਾ ਮਈ ਮਹੀਨੇ ਦਾ ਹੈ। ਸੂਬਾ ਸਿੰਧ ਦੇ ਜ਼ਿਲ੍ਹੇ ਰਹੀਮ ਯਾਰ ਖਾਨ ਵਿਚ ਜਿੱਥੇ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਇਕ ਪ੍ਰਾਚੀਨ ਮੰਦਿਰ ਕੋਲ ਇਕ ਪਾਕਿਸਤਾਨੀ ਹਿੰਦੂ ਕੌਂਸਲਰ 'ਤੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ ਜਾਂਦਾ ਹੈ। ਇਸ ਨਫ਼ਰਤ ਦੀ ਵਗ ਰਹੀ ਹਨੇਰੀ 'ਚ ਇਹ ਮੋਮਬੱਤੀਆਂ ਬੁੱਝਣਗੀਆਂ ਤੇ ਨਹੀਂ ਤਾਂ ਹੋਰ ਕੀ ਹੋਵੇਗਾ। ਜਦ ਪਾਕਿਸਤਾਨ ਦੇ ਜ਼ਿਲ੍ਹਾ ਉਮਰਕੋਟ 'ਚ ਪਾਕਿਸਤਾਨ ਕੱਟੜਪੰਥੀਆਂ ਵੱਲੋਂ ਹਿੰਦੂ ਕੋਹਲੀ ਪਰਿਵਾਰ ਦੇ 6 ਮੈਂਬਰਾਂ 'ਤੇ ਕੁਹਾੜੀਆਂ ਨਾਲ ਹਮਲਾ ਕੀਤਾ ਜਾਂਦਾ ਹੈ। ਇਕ ਹਿੰਦੂ ਲੜਕੀ ਮਾਰਵੀ ਪਹਿਲਾਜ਼ ਦੀ ਲਾਸ਼ ਤਹਿਸੀਲ ਚੰਘਰ ਦੇ ਪਿੰਡ ਅਬਦੁਲ ਰਹੀਮ ਮੇਮਨ 'ਚੋਂ ਮਿਲੀ ਜੋ ਨਫ਼ਰਤ ਦਾ ਸ਼ਿਕਾਰ ਹੋ ਗਈ ਹੋਵੇਗੀ। ਉਸਦੀ ਲਾਸ਼ ਕੋਲ ਮੋਮਬੱਤੀ ਦੀਆਂ ਸਿਸਕੀਆਂ ਕਿਸ ਨੇ ਸੁਣੀਆਂ ਹੋਣਗੀਆਂ ?